# ਮਸਰ

ਮਸਰ ਪੰਜਾਬ ਦੀਆਂ ਦਾਲਾਂ ਵਿੱਚੋਂ ਇੱਕ ਮਹੱਤਵਪੂਰਣ ਦਾਲ ਦੀ ਫ਼ਸਲ ਹੈ। ਮਸਰਾਂ ਦੀ ਕਾਸ਼ਤ 2010-11 ਵਿੱਚ ਕੋਈ ਇੱਕ ਹਜ਼ਾਰ ਹੈਕਟਰ ਭੂਮੀ ਵਿੱਚ ਕੀਤੀ ਗਈ ਅਤੇ ਪੈਦਾਵਾਰ ਇੱਕ ਹਜ਼ਾਰ ਟਨ ਹੋਈ । ਔਸਤ ਝਾੜ 672 ਕਿਲੋ ਪ੍ਰਤੀ ਹੈਕਟਰ ਹੋਈ ।

## ਜਲਵਾਯੂ

ਮਸਰਾਂ ਨੂੰ ਠੰਢੇ ਜਲਵਾਯੂ ਦੀ ਲੋੜ ਹੈ। ਕੋਰੇ ਤੇ ਵਧਰੇ ਠੰਢ ਨੂੰ ਸਹਿ ਲੈਂਦੀ ਹੈ। ਇਸ ਨੂੰ ਬਾਰਸ਼ਾਂ ਦੀ ਦੱਬੀ ਵੱਤਰ ਤੋਂ ਉਗਾਇਆ ਜਾ ਸਕਦਾ ਹੈ।

## ਫ਼ਸਲ ਚੱਕਰ

ਆਮ ਫ਼ਸਲ ਚੱਕਰ ਇਹ ਹਨ। ਝੋਨਾ-ਮਸਰ, ਕਪਾਹ- ਮਸਰ, ਮੂੰਗਫਲੀ - ਮਸਰ ਅਤੇ ਝੋਨਾ-ਮਸਰ - ਗਰਮੀ ਰੁੱਤ ਦੀ ਮੂੰਗੀ/ਮਾਂਹ।